# ਕੰਪੋਸਟੇਬਲ ਪਲਾਸਟਿਕਾਂ




**SINGLE-USE & PLASTIC WASTE PREVENTION REGULATION**

**gov.bc.ca/reuse**

**ਕੰਪੋਸਟੇਬਲ ਪਲਾਸਟਿਕਾਂ ਕੀ ਹਨ?** ਬਹੁਤੀਆਂ ਕੰਪੋਸਟੇਬਲ ਪਲਾਸਟਿਕਾਂ, ਮੱਕੀ ਦੇ ਸਟਾਰਚ ਜਾਂ ਗੰਨੇ ਵਰਗੀ ਪੌਦਿਆਂ ਆਧਾਰਤ ਸਮੱਗਰੀ ਨੂੰ ਪ੍ਰੋਸੈੱਸ ਕਰਕੇ ਬਣਾਈਆਂ ਜਾਂਦੀਆਂ ਹਨ। ਇਹਨਾਂ ਪਲਾਸਟਿਕਾਂ ਨੂੰ ਛੋਟਿਆਂ ਛੋਟਿਆਂ ਟੁਕੜਿਆਂ ਵਿੱਚ ਟੁੱਟਣ ਲਈ ਖਾਸ ਹਾਲਤਾਂ ਦੀ ਲੋੜ ਹੁੰਦੀ ਹੈ। ਬੀ ਸੀ ਵਿੱਚ ਬਹੁਤੀ ਵਾਰ ਉਹਨਾਂ ਨੂੰ ਕੰਪੋਸਟ ਜਾਂ ਰੀਸਾਈਕਲ ਨਹੀਂ ਕੀਤਾ ਜਾ ਸਕਦਾ, ਅਤੇ ਉਹ ਸਾਡੀਆਂ ਲੈਂਡਫਿਲਾਂ (ਗਾਰਬੇਜ ਸੁੱਟਣ ਵਾਲੀਆਂ ਥਾਂਵਾਂ) ਜਾਂ ਵਾਤਾਰਵਰਨ ਵਿੱਚ ਪਹੁੰਚ ਜਾਂਦੀਆਂ ਹਨ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ?

20 ਦਸੰਬਰ 2023 ਤੋਂ ਬੀ. ਸੀ. ਦੇ ਕਾਰੋਬਾਰਾਂ ਨੂੰ ਕੰਪੋਸਟੇਬਲ ਪਲਾਸਟਿਕ ਵਾਲੇ ਇਕ ਵਾਰੀ ਵਰਤੇ ਜਾਣ ਵਾਲੇ (ਇਕ ਵਾਰ ਵਰਤ ਕੇ ਸੁੱਟ ਦਿੱਤੇ ਜਾਣ ਵਾਲੇ) ਭਾਂਡਿਆਂ ਨੂੰ ਵੇਚਣ ਜਾਂ ਵੰਡਣ ਤੋਂ ਰੋਕਿਆ ਗਿਆ ਹੈ।

**2023 ਤੋਂ ਮਨ੍ਹਾ**



15 ਜੁਲਾਈ 2024 ਤੋਂ ਮਨ੍ਹਾ ਕੀਤੀਆਂ ਚੀਜ਼ਾਂ ਵਿੱਚ ਟੇਕ ਆਊਟ ਲਿਜਾਣ ਵਾਲੇ ਕਨਟੇਨਰਾਂ ਅਤੇ ਸ਼ੌਪਿੰਗ ਬੈਗਾਂ ਵਰਗੀਆਂ ਕੰਪੋਸਟੇਬਲ ਪਲਾਸਟਿਕ ਦੀਆਂ ਚੀਜ਼ਾਂ ਸ਼ਾਮਲ ਹਨ।

**15 ਜੁਲਾਈ 2024 ਤੋਂ ਮਨ੍ਹਾ**



## ਤੁਹਾਨੂੰ ਕੀ ਕਰਨ ਦੀ ਲੋੜ ਹੈ

### 20 ਦਸੰਬਰ 2023 ਤੋਂ:

1. **ਪਲਾਸਟਿਕ ਦੇ ਭਾਂਡੇ ਵਰਤਣੇ ਬੰਦ ਕਰੋ**

   ਗਾਹਕਾਂ ਨੂੰ ਇਕ ਵਾਰੀ ਵਰਤੀ ਜਾਣ ਵਾਲੀ ਪਲਾਸਟਿਕ ਨਾ ਦਿਓ, ਜਿਸ ਵਿੱਚ ਕੰਪੋਸਟੇਬਲ ਪਲਾਸਟਿਕ, ਛੁਰੀਆਂ, ਕਾਂਟੇ, ਚਮਚੇ, ਚੌਪਸਟਿਕਾਂ, ਸਟਿਰ ਸਟਿਕਾਂ ਜਾਂ ਸਪਲੈਸ਼ ਪਲੱਗ ਸ਼ਾਮਲ ਹਨ।

### 15 ਜੁਲਾਈ 2024 ਤੋਂ:

2. **ਪਲਾਸਟਿਕ ਦੇ ਸ਼ੌਪਿੰਗ ਬੈਗ ਵਰਤਣੇ ਬੰਦ ਕਰੋ**

   ਚੈੱਕਆਊਟ 'ਤੇ ਗਾਹਕਾਂ ਨੂੰ ਕੰਪੋਸਟੇਬਲ ਪਲਾਸਟਿਕ ਦੇ ਬੈਗਾਂ ਸਮੇਤ, ਇਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ ਦੇ ਬੈਗ ਨਾ ਦਿਓ।

3. **ਖਾਣਿਆਂ ਦੀ ਸਰਵਿਸ ਲਈ ਪਲਾਸਟਿਕ ਦੇ ਭਾਂਡੇ ਵਰਤਣੇ ਬੰਦ ਕਰੋ**

   ਖਾਣਿਆਂ ਜਾਂ ਪੀਣ ਵਾਲੀਆਂ ਉਹਨਾਂ ਚੀਜ਼ਾਂ ਨੂੰ ਕੰਪੋਸਟੇਬਲ ਪਲਾਸਟਿਕ ਦੇ ਇਕ ਵਾਰ ਵਰਤੇ ਜਾਣ ਵਾਲੇ ਕਨਟੇਨਰਾਂ ਜਾਂ ਪੈਕਜਾਂ ਵਿੱਚ ਪੈਕ ਨਾ ਕਰੋ ਜਿਹੜੀਆਂ ਚੀਜ਼ਾਂ ਤੁਸੀਂ ਫੌਰੀ ਖਪਤ ਲਈ ਤਿਆਰ ਕਰਦੇ ਹੋ (ਟੇਕ-ਆਊਟ ਜਾਂ ਡਲਿਵਰੀ ਸਮੇਤ)।

# ਕੰਪੋਸਟੇਬਲ ਪਲਾਸਟਿਕਾਂ ’ਤੇ ਕਿਉਂ ਰੋਕ ਲਾਈ ਜਾ ਰਹੀ ਹੈ?

- ਕੰਪੋਸਟੇਬਲ ਪਲਾਸਟਿਕ ਵਜੋਂ ਲੇਬਲ ਕੀਤੀਆਂ ਚੀਜ਼ਾਂ ਸਮੇਤ ਕੰਪੋਸਟੇਬਲ ਪਲਾਸਟਿਕਾਂ ਨੂੰ ਇਸ ਸਮੇਂ ਬੀ. ਸੀ. ਵਿੱਚ ਕੰਪੋਸਟ ਕਰਨ ਦੀ ਆਗਿਆ ਨਹੀਂ ਹੈ।
- ਬਹੁਤੀ ਵਾਰ ਇਹ ਪਲਾਸਟਿਕਾਂ ਚੰਗੀ ਤਰ੍ਹਾਂ ਛੋਟੇ ਛੋਟੇ ਟੁਕੜਿਆਂ ਵਿੱਚ ਨਹੀਂ ਟੁੱਟਦੀਆਂ ਅਤੇ ਉੱਚੀ ਕੁਆਲਟੀ ਦੇ ਵਾਤਾਵਰਨ ਲਈ ਫਾਇਦੇਮੰਦ ਕੰਪੋਸਟ ਵਿੱਚ ਯੋਗਦਾਨ ਨਹੀਂ ਪਾਉਂਦੀਆਂ।
- ਜਦੋਂ ਕੰਪੋਸਟੇਬਲ ਪਲਾਸਟਿਕਾਂ ਨੂੰ ਰੀਸਾਈਕਲ ਕਰਨ ਵਾਲੀ ਸਮੱਗਰੀ ਵਿੱਚ ਰਲਾਇਆ ਜਾਂਦਾ ਹੈ ਤਾਂ ਇਹ ਪਲਾਸਟਿਕਾਂ ਦੀ ਰੀਸਾਈਕਲਿੰਗ ਨੂੰ ਸੀਮਤ ਕਰਦੀਆਂ ਹਨ।
- ਬੀ. ਸੀ. ਵਿੱਚ ਇਹਨਾਂ ਪਲਾਸਟਿਕਾਂ ਨੂੰ ਆਮ ਤੌਰ ’ਤੇ ਕੰਪੋਸਟਿੰਗ ਅਤੇ ਰੀਸਾਈਕਲ ਕਰਨ ਵਾਲੀਆਂ ਥਾਂਵਾਂ ਵਿੱਚੋਂ ਕੱਢਿਆ ਜਾਂਦਾ ਹੈ ਅਤੇ ਲੈਂਡਫਿਲਾਂ (ਗਾਰਬੇਜ ਸੁੱਟਣ ਵਾਲੀਆਂ ਥਾਂਵਾਂ) ਵਿੱਚ ਭੇਜਿਆ ਜਾਂਦਾ ਹੈ।
- ਜਦੋਂ ਤੱਕ ਇਹ ਵਸਤਾਂ ਬੀ. ਸੀ. ਦੀਆਂ ਕੰਪੋਸਟ ਕਰਨ ਵਾਲੀਆਂ ਥਾਂਵਾਂ ਵਿੱਚ ਸੌਖੀ ਤਰ੍ਹਾਂ ਕੰਪੋਸਟ ਨਹੀਂ ਹੋ ਸਕਦੀਆਂ, ਉਦੋਂ ਤੱਕ ਅਸੀਂ ਦੁਬਾਰਾ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰ ਰਹੇ ਹਾਂ।
- ਜਦੋਂ ਇਕ ਵਾਰ ਵਰਤੀਆਂ ਜਾਣ ਵਾਲੀਆਂ ਪਲਾਸਟਿਕਾਂ ਦੀ ਲੋੜ ਹੋਵੇ, ਤਾਂ ਸੌਖੀ ਤਰ੍ਹਾਂ ਰੀਸਾਈਕਲ ਹੋਣ ਵਾਲੀਆਂ ਪਲਾਸਟਿਕਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਜਿਵੇਂ ਪੀ ਈ ਟੀ #1, ਐੱਚ ਡੀ ਪੀ ਈ #2, ਐੱਲ ਡੀ ਪੀ ਈ #4, ਪੀ ਪੀ#5, ਦੇ ਤੌਰ ਲੇਬਲ ਕੀਤੀਆਂ ਪਲਾਸਟਿਕਾਂ ਨੂੰ।
- ਹੋ ਸਕਦਾ ਹੈ ਕਿ ਇਹਨਾਂ ਵਸਤਾਂ ’ਤੇ ਭਵਿੱਖ ਵਿੱਚ ਗੌਰ ਕੀਤਾ ਜਾ ਸਕੇ, ਜੇ ਉਹ ਬੀ. ਸੀ. ਦੇ ਮੌਜੂਦਾ ਬੁਨਿਆਦੀ ਢਾਂਚੇ (ਇਨਫ੍ਰਾਸਟ੍ਰਕਚਰ) ਵਿੱਚ ਸੌਖੀ ਤਰ੍ਹਾਂ ਛੋਟੇ ਛੋਟੇ ਟੁਕੜਿਆਂ ਵਿੱਚ ਟੁੱਟਣ ਲਈ ਤਿਆਰ ਕੀਤੀਆਂ ਹੋਣ ਅਤੇ ਇਹ ਸਿੱਧ ਹੋ ਜਾਵੇ ਕਿ ਉਹ ਸੌਖਿਆਂ ਹੀ ਛੋਟੇ ਛੋਟੇ ਟੁਕੜਿਆਂ ਵਿੱਚ ਟੁੱਟ ਜਾਂਦੀਆਂ ਹਨ।
- ਕੰਪੋਸਟ ਲਈ ਬਿਨ ਲਾਈਨਰਜ਼ ਅਜੇ ਵੀ ਉਪਲਬਧ ਹੋਣਗੇ।

## ਨਿਯਮ ਅਧੀਨ ਇਨ੍ਹਾਂ ਚੀਜ਼ਾਂ ਨੂੰ ਛੋਟ ਹੈ, ਅਤੇ ਇਨ੍ਹਾਂ ਨੂੰ ਵਰਤਣਾ ਜਾਰੀ ਰੱਖਿਆ ਜਾ ਸਕਦਾ ਹੈ।

**ਛੋਟਾਂ**



ਕੰਪੋਸਟੇਬਲ ਪਲਾਸਟਿਕ ਨਾਲ ਪੱਕੇ ਕੀਤੇ ਪੇਪਰ ਅਤੇ ਪਲਾਂਟ ਫਾਈਬਰ ਦੇ ਖਾਣਿਆਂ ਦੀ ਸਰਵਿਸ ਦੇ ਭਾਂਡੇ (ਜਿਵੇਂ ਟੇਕ ਆਊਟ ਦੇ ਕਨਟੇਨਰ ਅਤੇ ਕੱਪ)



ਕੱਚੇ ਮੀਟ ਅਤੇ ਪਨੀਰ ਦੇ ਬਲਾਕਾਂ (ਵੱਡੇ ਟੁਕੜਿਆਂ) ਵਰਗੇ ਫੌਰੀ ਤੌਰ ’ਤੇ ਨਾ ਖਾਧੇ ਜਾਣ ਵਾਲੇ ਖਾਣਿਆਂ ਨੂੰ ਪੈਕ ਕਰਨ ਲਈ ਵਰਤੇ ਜਾਣ ਵਾਲੇ ਕੰਪੋਸਟੇਬਲ ਪਲਾਸਟਿਕ ਦੇ ਫਿਲਮ ਰੈਪ।



ਕੱਪਾਂ ਦੇ ਢੱਕਣਾਂ ਵਰਗੀਆਂ ਖਾਣਿਆਂ ਦੀ ਸਰਵਿਸ ਦੀਆਂ ਚੀਜ਼ਾਂ (ਪਰ ਭਾਂਡੇ ਨਹੀਂ)



ਬੀ ਸੀ ਤੋਂ ਬਾਹਰ ਵੇਚਣ ਜਾਂ ਵੰਡਣ ਲਈ ਬਣਾਏ ਤਿਆਰ ਕੀਤੇ ਖਾਣਿਆਂ ਅਤੇ ਪੀਣ ਵਾਲੀਆਂ ਚੀਜ਼ਾਂ (ਪ੍ਰੀਪੇਅਰਡ ਫੂਡ ਐਂਡ ਡ੍ਰਿੰਕਸ) ਲਈ ਵਰਤੀ ਜਾਂਦੀ ਪੈਕਿੰਗ।

## ਇਹ ਤੱਥ ਸ਼ੀਟ, ਨਿਯਮ ਦੀ ਪਾਲਣਾ ਕਰਨ ਵਿੱਚ ਬੀ. ਸੀ. ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਇਕ ਟੂਲਕਿੱਟ ਦਾ ਹਿੱਸਾ ਹੈ।

**ਇਕ ਵਾਰ ਵਰਤੀਆਂ ਜਾਣ ਵਾਲੀਆਂ ਪਲਾਸਟਿਕਾਂ ਦੇ ਬਦਲ ਲੱਭ ਰਹੇ ਹੋ?** ਬਦਲਾਂ ਲਈ ਸਾਡੀ ਸੌਖੀ ਗਾਈਡ, ਅਤੇ ਇਸ ਦੇ ਨਾਲ ਨਾਲ ਬੰਦਸ਼ਾਂ ਵਾਲੀਆਂ ਹੋਰ ਚੀਜ਼ਾਂ ਬਾਰੇ ਤੱਥ ਸ਼ੀਟਾਂ ਅਤੇ ਹੋਰ ਛਪਣਯੋਗ ਟੂਲਜ਼ ਲਉ – ਜਿਨ੍ਹਾਂ ਵਿੱਚ ਉਹ ਪੋਸਟਰ ਅਤੇ ਸਾਈਨ ਵੀ ਸ਼ਾਮਲ ਹਨ ਜਿਹੜੇ ਤੁਸੀਂ ਆਪਣੇ ਸਟਾਫ ਅਤੇ ਗਾਹਕਾਂ ਨੂੰ ਜਾਣਕਾਰੀ ਦੇਣ ਲਈ ਵਰਤ ਸਕਦੇ ਹੋ – gov.bc.ca/reuse ’ਤੇ।



***ਇਕ ਵਾਰੀ ਵਰਤਣ ਵਾਲੀਆਂ ਚੀਜ਼ਾਂ ਅਤੇ ਪਲਾਸਟਿਕ ਦੇ ਗਾਰਬੇਜ ਤੋਂ ਰੋਕਥਾਮ ਲਈ ਨਿਯਮ ਰਾਹੀਂ, ਬੀ. ਸੀ. ਬਹੁਤ ਸਾਰੀਆਂ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਰੀਸਾਈਕਲ ਕਰਨ ਲਈ ਔਖੀਆਂ ਚੀਜ਼ਾਂ ਨੂੰ ਹੌਲੀ ਹੌਲੀ ਘਟਾ ਰਿਹਾ ਹੈ – ਗਾਰਬੇਜ ਘਟਾਉਂਦੇ ਹੋਏ, ਸਾਡੇ ਵਾਤਾਵਰਣ ਦੀ ਰਖਵਾਲੀ ਕਰਦੇ ਹੋਏ, ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਲਈ ਇਕ ਸਾਫ-ਸੁਥਰਾ ਭਵਿੱਖ ਬਣਾਉਂਦੇ ਹੋਏ।***

BRITISH COLUMBIA
Ministry of Environment and Climate Change Strategy